City of Mississauga
300 City Centre Drive
Mississauga, ON L5B 3C1

**News Release**

mississauga.ca facebook.com/citymississauga x.com/citymississauga

# 2026 ਦੀਆਂ ਮਿਊਨਿਸਿਪਲ ਚੋਣਾਂ ਵਿੱਚ ਵੋਟ ਪਾ ਰਹੇ ਹੋ? ਵੋਟਰ ਸੂਚੀ ਦੀ ਜਾਂਚ ਕਰੋ

ਵੋਟਰ ਰਜਿਸਟ੍ਰੇਸ਼ਨ ਪੋਰਟਲ (Voter Registration Portal) ਹੁਣ, 2026 ਦੀਆਂ Mississauga ਦੀਆਂ ਮਿਊਨਿਸਿਪਲ ਚੋਣਾਂ ਲਈ ਖੁੱਲ੍ਹ ਗਿਆ ਹੈ। 26 ਅਕਤੂਬਰ, 2026 ਨੂੰ ਵੋਟਿੰਗ ਨੂੰ ਆਸਾਨ ਬਣਾਉਣ ਲਈ, mississauga.ca/vote 'ਤੇ ਆਪਣੀ ਨਿੱਜੀ ਜਾਣਕਾਰੀ ਦੀ ਜਾਂਚ ਕਰੋ, ਅੱਪਡੇਟ ਕਰੋ ਜਾਂ ਸ਼ਾਮਲ ਕਰੋ।

27 ਜੁਲਾਈ, 2026




Mississauga ਦੀਆਂ 2026 ਦੀਆਂ ਮਿਊਨਿਸਿਪਲ ਚੋਣਾਂ ਸੋਮਵਾਰ, 26 ਅਕਤੂਬਰ ਨੂੰ ਹਨ। ਯੋਗ ਵੋਟਰ Mississauga ਦੇ ਮੇਅਰ, ਆਪਣੇ ਵਾਰਡ/ਰੀਜਨਲ ਕੌਂਸਲਰ ਅਤੇ ਸਕੂਲ ਬੋਰਡ ਦੇ ਟਰੱਸਟੀਆਂ ਨੂੰ 2026-2030 ਦੀ ਆਫਿਸ ਦੀ ਟਰਮ ਲਈ ਚੁਣਨਗੇ।

ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਵੋਟਰ ਸੂਚੀ ਵਿੱਚ ਆਪਣੀ ਜਾਣਕਾਰੀ ਦੀ ਜਾਂਚ ਕਰਨ, ਅੱਪਡੇਟ ਕਰਨ ਜਾਂ ਸ਼ਾਮਲ ਕਰਨ ਲਈ ਵੋਟਰ ਰਜਿਸਟ੍ਰੇਸ਼ਨ ਪੋਰਟਲ ਦੀ ਵਰਤੋਂ ਕਰੋ (Use the Voter Registration Portal)। ਵੋਟਰ ਸੂਚੀ ਵਿੱਚ ਹੋਣਾ ਇਹ ਪੁਸ਼ਟੀ ਕਰਨ ਵਿੱਚ ਮਦਦ ਕਰਦਾ ਹੈ ਕਿ ਤੁਸੀਂ ਵੋਟ ਦੇਣ ਦੇ ਯੋਗ ਹੋ, ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਤੁਹਾਨੂੰ ਵੋਟਰ ਸੂਚਨਾ ਕਾਰਡ ਪ੍ਰਾਪਤ ਹੋਵੇ ਅਤੇ ਜਦੋਂ ਤੁਸੀਂ ਵੋਟ ਪਾਉਣ ਲਈ ਪਹੁੰਚਦੇ ਹੋ ਤਾਂ ਪ੍ਰਕਿਰਿਆ ਨੂੰ ਤੇਜ਼ ਕਰ ਸਕਦਾ ਹੈ।

City of Mississauga
300 City Centre Drive
Mississauga, ON L5B 3C1



ਜੇਕਰ ਤੁਸੀਂ ਯੋਗ ਹੋ ਅਤੇ ਵੋਟਰ ਸੂਚੀ ਵਿੱਚ ਨਹੀਂ ਹੋ, ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ, ਪਰ ਤੁਹਾਨੂੰ ਵੋਟਿੰਗ ਸਥਾਨ 'ਤੇ ਵਾਧੂ ਸਟੈਪਸ ਪੂਰੇ ਕਰਨੇ ਪੈ ਸਕਦੇ ਹਨ। ਹੁਣੇ ਆਪਣੀ ਜਾਣਕਾਰੀ ਦੀ ਜਾਂਚ ਕਰਨਾ, ਤੁਹਾਨੂੰ ਦੇਰੀ ਤੋਂ ਬਚਣ ਅਤੇ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਯੋਜਨਾ ਬਣਾਉਣ ਵਿੱਚ ਮਦਦ ਕਰ ਸਕਦਾ ਹੈ।

ਜਦੋਂ ਤੁਸੀਂ ਆਪਣੀ ਜਾਣਕਾਰੀ ਦੀ ਜਾਂਚ ਕਰੋ, ਤਾਂ ਯਕੀਨੀ ਬਣਾਓ ਕਿ ਤੁਹਾਡਾ ਨਾਮ, ਪਤਾ ਅਤੇ ਸਕੂਲ ਸਹਾਇਤਾ ਜਾਣਕਾਰੀ ਸਹੀ ਹੈ। ਇਹ ਚੋਣ ਸਟਾਫ ਨੂੰ ਤੁਹਾਨੂੰ ਸਹੀ ਬੈਲਟ ਦੇਣ ਵਿੱਚ ਮਦਦ ਕਰਦਾ ਹੈ, ਜਿਸ ਵਿੱਚ ਸਹੀ ਸਕੂਲ ਬੋਰਡ ਟਰੱਸਟੀ ਦੀ ਚੋਣ ਵੀ ਸ਼ਾਮਲ ਹੈ।

### ਵੋਟਰ ਸੂਚੀ ਦੀ ਜਾਂਚ ਕਰੋ

ਵੋਟਰ ਸੂਚੀ ਯੋਗ ਵੋਟਰਾਂ ਦਾ ਇੱਕ ਰਿਕਾਰਡ ਹੈ। ਇਸਦੀ ਵਰਤੋਂ ਵੋਟਰਾਂ ਦੀ ਜਾਣਕਾਰੀ ਦੀ ਪੁਸ਼ਟੀ ਕਰਨ, ਵੋਟਰ ਸੂਚਨਾ ਕਾਰਡ ਜਾਰੀ ਕਰਨ ਅਤੇ ਚੋਣ ਸਟਾਫ ਨੂੰ ਸਹੀ ਬੈਲਟ ਲਈ ਵੋਟਰਾਂ ਦਾ ਮਾਰਗਦਰਸ਼ਨ ਕਰਨ ਵਿੱਚ ਮਦਦ ਕਰਨ ਲਈ ਕੀਤੀ ਜਾਂਦੀ ਹੈ। ਇਹਨਾਂ ਲਈ ਵੋਟਰ ਰਜਿਸਟ੍ਰੇਸ਼ਨ ਪੋਰਟਲ ਦੀ ਵਰਤੋਂ ਕਰੋ (Use the Voter Registration Portal):

ਜਾਂਚ ਕਰੋ ਕਿ ਕੀ ਤੁਸੀਂ ਸੂਚੀ ਵਿੱਚ ਹੋ।

- ਜੇਕਰ ਤੁਹਾਡਾ ਨਾਮ ਨਹੀਂ ਹੈ ਤਾਂ ਇਸਨੂੰ ਸ਼ਾਮਲ ਕਰੋ।
- ਆਪਣੀ ਜਾਣਕਾਰੀ ਅੱਪਡੇਟ ਕਰੋ।

ਜੇਕਰ ਤੁਸੀਂ ਵੋਟਰ ਸੂਚੀ ਵਿੱਚ ਹੋ, ਤਾਂ ਤੁਹਾਨੂੰ ਸਤੰਬਰ 2026 ਵਿੱਚ ਡਾਕ ਰਾਹੀਂ ਇੱਕ ਵੋਟਰ ਸੂਚਨਾ ਕਾਰਡ ਮਿਲੇਗਾ। ਕਾਰਡ ਇਹ ਦਰਸਾਉਂਦਾ ਹੈ ਕਿ ਵੋਟ ਕਦੋਂ ਅਤੇ ਕਿੱਥੇ ਪਾਉਣੀ ਹੈ। ਵੋਟ ਪਾਉਣ ਲਈ ਇਸਦੀ ਲੋੜ ਨਹੀਂ ਹੈ, ਪਰ ਇਸਨੂੰ ਆਪਣੇ ਪਛਾਣ ਪੱਤਰ ਦੇ ਨਾਲ ਲੈ ਕੇ ਆਉਣ ਨਾਲ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਮਦਦ ਮਿਲ ਸਕਦੀ ਹੈ।

## ਕੌਣ ਵੋਟ ਪਾ ਸਕਦਾ ਹੈ?

ਤੁਸੀਂ Mississauga ਦੀਆਂ 2026 ਦੀਆਂ ਮਿਉਨਿਸਿਪਲ ਚੋਣਾਂ ਵਿੱਚ ਵੋਟ ਪਾ ਸਕਦੇ ਹੋ ਜੇਕਰ, ਚੋਣ ਵਾਲੇ ਦਿਨ, ਤੁਸੀਂ:

- ਕੈਨੇਡਾ ਦੇ ਨਾਗਰਿਕ ਹੋ
- ਘੱਟੋ-ਘੱਟ 18 ਸਾਲ ਦੀ ਉਮਰ ਦੇ ਹੋ

- Mississauga ਦੇ ਵਸਨੀਕ ਹੋ, ਜਾਂ ਗੈਰ-ਵਸਨੀਕ, ਜਿਸਦੀ Mississauga ਵਿੱਚ ਪ੍ਰਾਪਰਟੀ ਹੈ ਜਾਂ ਕਿਰਾਏ 'ਤੇ ਲਈ ਹੋਈ ਹੈ, ਜਾਂ ਜੀਵਨਸਾਥੀ ਦੀ ਪ੍ਰਾਪਰਟੀ ਹੈ ਜਾਂ ਉਸਨੇ ਕਿਰਾਏ 'ਤੇ ਲਈ ਹੋਈ ਹੈ

## ਵੋਟਿੰਗ ਕਿਉਂ ਮਾਇਨੇ ਰੱਖਦੀ ਹੈ

ਵੋਟ ਪਾਉਣਾ ਇਹ ਦੱਸਣ ਦਾ ਸਿੱਧਾ ਤਰੀਕਾ ਹੈ ਕਿ ਤੁਹਾਡੀ ਨੁਮਾਇੰਦਗੀ ਕੌਣ ਕਰੇਗਾ ਅਤੇ Mississauga ਕਿਵੇਂ ਵਿਕਸਿਤ ਹੋਵੇਗਾ। ਤੁਹਾਡੀ ਵੋਟ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ, ਜਿਸ ਵਿੱਚ ਸੜਕਾਂ, ਪਾਰਕਾਂ, ਟ੍ਰਾਂਜ਼ਿਟ, ਮਨੋਰੰਜਨ, ਭਾਈਚਾਰਕ ਪ੍ਰੋਗਰਾਮਾਂ ਅਤੇ ਹੋਰ ਲੋਕਲ ਸੇਵਾਵਾਂ ਬਾਰੇ ਫੈਸਲੇ ਸ਼ਾਮਲ ਹਨ।

## ਹੋਰ ਜਾਣਕਾਰੀ

2026 ਦੀਆਂ Mississauga ਦੀਆਂ ਮਿਊਨਿਸਿਪਲ ਚੋਣਾਂ ਬਾਰੇ ਹੋਰ ਜਾਣਕਾਰੀ ਲਈ, ਜਿਸ ਵਿੱਚ ਸ਼ਾਮਲ ਹੈ ਕਿ ਕੌਣ ਵੋਟ ਪਾ ਸਕਦਾ ਹੈ, ਵੋਟਰਾਂ ਦੀ ਸੂਚੀ ਦੀ ਜਾਂਚ ਕਿਵੇਂ ਕਰਨੀ ਹੈ, ਵੋਟ ਕਿੱਥੇ ਪਾਉਣੀ ਹੈ ਅਤੇ ਕਿਹੜਾ ਪਛਾਣ-ਪੱਤਰ ਲੈ ਕੇ ਆਉਣਾ ਹੈ, ਤੁਸੀਂ ਇਹ ਕਰ ਸਕਦੇ ਹੋ:

- ਚੋਣਾਂ ਸੰਬੰਧੀ ਅਪਡੇਟ, ਵੋਟਰ ਜਾਣਕਾਰੀ, ਐਡਵਾਂਸ ਵੋਟਿੰਗ ਦੀਆਂ ਤਾਰੀਖਾਂ ਅਤੇ ਸਥਾਨਾਂ, ਉਮੀਦਵਾਰਾਂ ਦੀ ਜਾਣਕਾਰੀ ਅਤੇ ਨਤੀਜਿਆਂ ਲਈ, mississauga.ca/election 'ਤੇ ਜਾਓ।
- ਜੇਕਰ ਵੋਟਿੰਗ, ਯੋਗਤਾ, ਤੁਹਾਡੀ ਵੋਟਰ ਜਾਣਕਾਰੀ ਜਾਂ ਵੋਟ ਕਿੱਥੇ ਪਾਉਣੀ ਹੈ, ਬਾਰੇ ਤੁਹਾਡੇ ਸਵਾਲ ਹਨ ਤਾਂ 905-615-VOTE (8683) 'ਤੇ ਕਾੱਲ ਕਰੋ।
- ਜੇਕਰ ਤੁਹਾਨੂੰ ਸ਼ਹਿਰ ਦੀ ਜਾਣਕਾਰੀ ਲੱਭਣ ਜਾਂ ਸਹੀ ਸੇਵਾ ਖੇਤਰ ਨਾਲ ਜੁੜਨ ਵਿੱਚ ਮਦਦ ਦੀ ਲੋੜ ਹੈ, ਤਾਂ 311 ਗਾਹਕ ਸੇਵਾ ਨਾਲ ਔਨਲਾਈਨ ਸੰਪਰਕ ਕਰੋ।

## ਡਿਜੀਟਲ ਸਮੱਗਰੀ ਅਤੇ ਡਾਊਨਲੋਡ




[ਮਿਉਨਿਸਿਪਲ ਚੋਣਾਂ ਦੀ ਵੋਟਰ ਸੂਚੀ ਤੋਂ ਸਮੱਗਰੀ ਡਾਉਨਲੋਡ ਕਰੋ (Download Assets from Municipal Election voters' list)।]

-30-

## ਮੀਡੀਆ ਸੰਪਰਕ:

Mississauga ਸ਼ਹਿਰ ਮੀਡੀਆ ਸੰਬੰਧ
media@mississauga.ca
905-615-3200, ਐਕਸਟੈਨਸ਼ਨ 5232
TTY: 905-896-5151